JETIR.ORG ISSN: 2349-5162 | ESTD Year : 2014 | Monthly Issue
JOURNAL OF EMERGING TECHNOLOGIES AND INNOVATIVE RESEARCH (JETIR)
An International Scholarly Open Access, Peer-reviewed, Refereed Journal

# ਬਾਹੋਵਾਲ ਪੋਥੀ ਦਾ ਅੰਕ-ਪ੍ਰਬੰਧ

*ਡਾ. ਸੰਦੀਪ ਕੌਰ

ਹਥਲੇ ਪਰਚੇ ਵਿਚ ਬਾਹੋਵਾਲ ਪੋਥੀ ਵਿਚ ਆਏ ਅੰਕਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਪੋਥੀ ਬਚਿਤ੍ਰ ਸਿੰਘ ਬੇਦੀ, ਬਾਹੋਵਾਲ ਪਿੰਡ (ਜ਼ਿਲ੍ਹਾ ਗੁਜਰਾਤ) ਸਿਆਲਕੋਟ, ਪਛਮੀ ਪੰਜਾਬ ਵਿਚ ਸੁਰੱਖਿਅਤ ਸੀ, ਜੋ 1947 ਤੋਂ ਬਾਅਦ ਭਾਈ ਵੀਰ ਸਿੰਘ ਜੀ ਕੋਲ 10 ਦਸੰਬਰ 1948 ਨੂੰ ਪਹੁੰਚੀ। ਅੱਜ-ਕਲ੍ਹ ਇਹ ਪੋਥੀ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਿਚ (ਹਥ ਲਿਖਤ ਨੰ.6) ਦੇ ਅਧੀਨ ਸੁਰੱਖਿਅਤ ਹੈ।

ਬਚਿਤ੍ਰ ਸਿੰਘ ਬੇਦੀ ਅਨੁਸਾਰ ਇਹ ਪੋਥੀ ਪੰਚਮ ਪਾਤਸ਼ਾਹ ਜੀ ਦੇ ਆਦਿ ਬੀੜ ਰਚਣ ਵੇਲੇ ਗੁਰੂ ਜੀ ਕੋਲ ਸੀ ਅਤੇ ਬੇਦੀ ਜੀ ਦੇ ਬਜ਼ੁਰਗ ਨੇ ਭੇਜੀ ਸੀ। ਦੂਜੇ ਸ੍ਰੋਤ ਅਨੁਸਾਰ ਇਹ ਪੋਥੀ ਬਾਬਾ ਸ੍ਰੀ ਚੰਦ ਜੀ ਗੁਰੂ ਜੀ ਕੋਲੋਂ ਉਸ ਸਮੇਂ ਲੈ ਕੇ ਆਏ ਸਨ ਜਦੋਂ ਗੁਰੂ ਜੀ ਆਦਿ ਬੀੜ ਰਚ ਰਹੇ ਸਨ। ਬਾਬਾ ਬਚਿਤ੍ਰ ਸਿੰਘ ਬੇਦੀ ਅਨੁਸਾਰ ਜਦੋਂ ਇਹ ਪੋਥੀ ਗੁਰੂ ਸਾਹਿਬ ਕੋਲੋਂ ਆਈ ਤਾਂ ਇਸ ਦੇ ਪਤਰੇ ਖੁਲ੍ਹੇ ਸਨ। ਸ੍ਰੀ ਲਖਮੀ ਦਾਸ ਜੀ ਦੇ ਸਪੁਤ੍ਰ ਨੇ ਇਸ ਦੀ ਚਮੜੇ ਦੀ ਜਿਲਦ ਕਰਵਾਈ ਤੇ ਪੁਸ਼ਤ ਦਰ ਪੁਸ਼ਤ ਇਹ ਸਾਡੇ ਵੰਸ਼ ਕੋਲ ਸੀ। ਬਚਿਤ੍ਰ ਸਿੰਘ ਬੇਦੀ ਆਪਣੀ ਵੰਸ਼ ਲਖਮੀ ਦਾਸ ਜੀ ਦੀ ਦਸਦੇ ਹਨ। ਉਨ੍ਹਾਂ ਅਨੁਸਾਰ ਇਕ ਵਾਰ ਵਰਖਾ ਕਰਕੇ, ਛੱਤ ਡਿਗਣ 'ਤੇ ਪੋਥੀ ਸਾਹਿਬ ਭਿਜ ਗਈ ਤੇ ਜਿਲਦ ਖਰਾਬ ਹੋ ਗਈ। ਮੌਜੂਦਾ ਸਮੇਂ ਵਿਚ ਵੀ ਇਹ ਪੋਥੀ ਉਸੇ ਸੂਰਤ ਵਿਚ ਹੈ। ਪੋਥੀ ਵਿਚ ਪਈ ਭਾਈ ਵੀਰ ਸਿੰਘ ਜੀ ਦੀ ਇਕ ਪਰਚੀ ਤੋਂ ਪਤਾ ਲਗਦਾ ਹੈ ਕਿ ਇਹ ਪੋਥੀ ਉਨ੍ਹਾਂ ਕੋਲ 10 ਦਸੰਬਰ 1948 ਨੂੰ ਪਹੁੰਚੀ ਸੀ, ਇਹ ਪੋਥੀ ਬਹੁਤ ਪੁਰਾਣੀ ਹੈ, ਇਸਦਾ ਕਾਗਜ਼ ਖਸਤਾ ਹੈ ਅਤੇ ਹਥ ਲਾਉਣ ਨਾਲ ਭੁਰ ਰਹੀ ਹੈ। ਇਹ ਪੋਥੀ ਕਿਤਾਬ ਦੀ ਸ਼ਕਲ ਦੀ ਹੈ। ਇਸਦਾ ਥੱਲਾ ਛੋਟਾ ਹੈ ਤੇ ਉਚਾਈ ਵੱਡੀ ਹੈ। ਇਸਦਾ ਅਕਾਰ ਅੰਦਾਜਨ 23 ਸੈ.ਮੀ×33 ਸੈ.ਮੀ. ਲਗਦਾ ਹੈ। ਲਿਖਤ ਦੇ ਦੋਹੀ ਪਾਸੀ ਦੋ ਲਕੀਰਾਂ ਨਾਲ ਹਾਸ਼ੀਆ ਲਗਿਆ ਹੋਇਆ ਹੈ। ਇਸ ਪੋਥੀ ਦੇ ਲਿਖੇ ਜਾਣ ਦਾ ਸੰਮਤ ਨਹੀਂ ਹੈ ਅਤੇ ਨਾ ਹੀ ਇਸ ਵਿਚ ਚਲਿਤ੍ਰ ਜੋਤੀ ਜੋਤ ਸਮਾਵਣੇ ਕੇ ਹਨ।

**ਅੰਕ**: ਅੰਗਰੇਜ਼ੀ ਦਾ ਸ਼ਬਦ 'ਡਿਜ਼ਟ' ਲੈਟਿਨ ਦੇ 'ਡਿਜਿਟੁਸ' ਤੋਂ ਬਣਿਆ ਹੈ ਜਿਸ ਦਾ ਮੂਲ ਅਰਥ ਉਂਗਲੀ ਹੈ, ਪਰ 'ਡਿਜ਼ਟ' ਸ਼ਬਦ ਦਾ ਅਰਥ 'ਅੰਕ-ਸੰਕੇਤ' ਵੀ ਹੁੰਦਾ ਹੈ। ਅਸੀਂ ਸਾਰੀਆ ਗਿਣਤੀਆਂ-ਮਿਣਤੀਆਂ ਲਈ ਸਿਰਫ ਦਸ ਅੰਕਾਂ ਦੀ ਵਰਤੋਂ ਕਰਦੇ ਹਾਂ <1,2,3,4,5,6,7,8,9,0>। ਇਹਨਾਂ ਨਾਲ ਅਸੀਂ ਵੱਡੀ ਤੋਂ ਵੱਡੀ ਸੰਖਿਆ ਲਿਖ ਸਕਦੇ ਹਾਂ। ਇਹਨਾਂ ਅੰਕਾਂ ਦੇ ਦੋਹਰੇ ਸਥਾਨ ਹਨ। ਹਰ ਇਕ ਅੰਕ ਦਾ ਆਪਣਾ ਇਕ ਸੁਤੰਤਰ ਰੂਪ ਅਤੇ ਮੁਲ ਹੈ। ਸੰਖਿਆ ਵਿਚ ਬਦਲੀ ਨਾਲ ਅੰਕਾਂ ਦਾ ਮੁਲ ਬਦਲ ਜਾਂਦਾ ਹੈ। ਇਸ ਲਈ ਦਸ ਅੰਕਾਂ ਉਤੇ ਆਧਾਰਿਤ ਇਸ ਪ੍ਰਥਾ ਨੂੰ ਅਸੀਂ ਦਸਮੀਕ ਸਥਾਨਮਾਨ ਅੰਕ-ਪ੍ਰਥਾ ਕਹਿੰਦੇ ਹਾਂ। 'ਅੰਕ' ਸ਼ਬਦ ਪੁਲਿੰਗ ਹੈ ਅਤੇ ਅੰਕਣ ਨਾਲ ਸੰਬੰਧਿਤ ਹੈ। ਅੰਕਣ ਦਾ ਅਰਥ ਕਿਸੇ ਚੀਜ਼ ਉਪਰ ਪਹਿਚਾਣ ਦੇ ਚਿੰਨ੍ਹ, ਛਾਪਾ, ਨਿਸ਼ਾਨ ਜਾਂ ਮੋਹਰ ਲਾਉਣੀ ਹੈ। ਅੰਕ ਦਾ ਅਰਥ ਸੰਖਿਆਵਾਚਕ ਸ਼ਬਦਾਂ ਦਾ ਸੂਚਕ ਚਿੰਨ੍ਹ ਹੈ। ਅਸੀਂ ਇਕ, ਦੋ, ਤਿੰਨ ਆਦਿ ਸੰਖਿਆਵਾਂ ਦਾ ਜਿਥੋਂ ਤਕ ਉਚਾਰਨ ਕਰਦੇ ਹਾਂ ਉਥੋਂ ਤਕ ਤਾਂ ਉਹਨਾਂ ਨੂੰ ਸੰਖਿਆ ਕਹਿੰਦੇ ਹਾਂ ਪਰ ਜਿਸ ਤਰ੍ਹਾਂ 'ਅਖਰ' ਉਚਾਰਣੀ ਧੁਨੀਆਂ ਦੇ ਲਈ ਉਹਨਾਂ ਦੇ ਲਿਖਤ ਰੂਪਾਂ ਨੂੰ 'ਅਖਰ' ਕਹਿੰਦੇ ਹਾਂ, ਉਸੇ ਤਰ੍ਹਾਂ ਸੰਖਿਆ ਸੂਚਕ ਉਚਾਰਨ ਧੁਨੀਆਂ ਦਾ ਗਿਆਨ ਕਰਵਾਉਣ ਵਾਲੇ ਚਿੰਨ੍ਹਾਂ ਨੂੰ 'ਅੰਕ' ਕਹਿੰਦੇ ਹਾਂ। ਅੰਕ ਲਿਖਤ ਦਾ ਵਿਸ਼ੇਸ਼ ਅੰਗ ਹਨ। ਵਿਸ਼ਵ ਭਾਸ਼ਾਵਾਂ ਦੀਆਂ ਲਿਖਤਾਂ ਵਿਚ ਅਕਸਰ ਹੇਠ ਲਿਖੇ ਅੰਕ ਕਾਰਜ਼ਸ਼ੀਲ ਹਨ:

1. ਰੋਮਨ ਅੰਕ: 0, I, II, III…IX (ਵੱਡੇ ) 0, i, ii, iii…ix (ਛੋਟੇ )

2. ਅਰਬੀ ਅੰਕ: 0,1,2,3...9
3. ਨਾਗਰੀ ਅੰਕ: ०,१,२,३,...९
4. ਗੁਰਮੁਖੀ ਅੰਕ: 0,੧,੨,੩...੯

ਇਨ੍ਹਾਂ ਅੰਕਾਂ ਵਿਚੋਂ ਵਧੇਰੇ ਵਰਤੋਂ ਅਰਬੀ ਮੂਲਕ ਅੰਕਾਂ ਦੀ ਹੈ। ਸਾਡੇ ਵਿਚਾਰ ਅਧੀਨ ਵਿਸ਼ੇ-ਵਸਤੂ ਬਾਹੋਵਾਲ ਵਾਲੀ ਪੋਥੀ ਵਿਚ ਵੀ ਅੰਕ ਕਾਰਜਸ਼ੀਲ ਹਨ ਜੋ ਕਿ ਸਾਰਣੀ ਵਿਚ ਦਿਤੇ ਗਏ ਹਨ:

| ਪੋਥੀ ਪਹਿਲੀ ਭਾਗ-1,2,3 | | | | | | |
|---|---|---|---|---|---|---|
| ਲੜੀ ਨੰ. | ਗੁਰੂ ਗ੍ਰੰਥ ਸਾਹਿਬ | ਅੰਕ | ਪੰਨਾ | ਪੋਥੀ | ਅੰਕ | ਪੰਨਾ |
| 1. | ।।ਜਪੁ।। | ੩੮।। | (੧) | ਜਪੁ।। | ੩੮।। | (੧) |
| 2. | ਸਲੋਕੁ।। | ੧।। | (੧) | ਸਲੋਕੁ।। | ੧।। | (੧) |
| 3. | ਬਾਰਹਮਾਹਾ ਮਾਂਝ ਮਹਲਾ ੫ ਘਰੁ ੪।। | ੧੪।।੧।। | (੧੩੩) | ਰਾਗੁ ਮਾਝ ਮਹਲ ੫ ਬਾਰਹਮਾਹਾ।। | ੧੪।।੧।। | (੨੧੪) |
| 4. | ਮਾਝ ਮਹਲਾ ੫ ਦਿਨ ਰੈਣਿ।। | ੪।।੧।। | (੧੩੬) | ਰਾਗੁ ਮਾਝ ਮਹਲਾ ੫।। | ੪।। | (੨੨੧) |
| 5. | ਥਿਤੀ ਗਉੜੀ ਮਹਲਾ ੫।। | ੧੭।। | (੨੯੬) | ਰਾਗੁ ਗਉੜੀ ਮਹਲਾ ੫ ਥਿਤੀ।। ਸਲੋਕੁ।। | ੧੭।।੧।। | (੪੩੮) |
| ਪੋਥੀ ਦੂਜੀ- ਭਾਗ-1,2,3 | | | | | | |
| ਲੜੀ ਨੰ. | ਗੁਰੂ ਗ੍ਰੰਥ ਸਾਹਿਬ | ਅੰਕ | ਪੰਨਾ | ਪੋਥੀ | ਅੰਕ | ਪੰਨਾ |
| 6. | ਰਾਗੁ ਗਉੜੀ ਥਿ□ਤੀ ਕਬੀਰ ਜੀ □ਕੀ ।। | ੧੬।। | (੩੪੩) | ਰਾਗੁ ਗਉੜੀ ਥਿਤੀ ਕਬੀਰ ਜੀ ਕੀਆ।। | ੧੬।। | (੬) |
| 7. | ਗਉੜੀ ਸੁਖਮਨੀ ਮ:੫ ।। | ੮।।੨੪।। | (੨੬੨) | ਰਾਗੁ ਗਉੜੀ ਪੂਰਬੀ।। ਮਹਲੁ ੫।। ਸੁਖਮਨੀ | ੮।।੨੪।। | (੧੩) |
| 8. | ਗਉੜੀ ਬਾਵਨ ਅਖਰੀ ਮਹਲਾ ੫।। | ੫੫।। | (੨੫੦) | ਰਾਗੁ ਗਉੜੀ ਪੂਰਬੀ ਬਾਵਨ ਅਖਰੀ।। ਮਹਲੁ ੫।। | ੫੫।।੧।। | (੮੫) |
| 9. | ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ।। | ੪੫।। | (੩੪੦) | ਬਵਨ ਅਖਰੀ।। ਕਬੀਰ ਜੀ ਕੀ।। ਰਾਗੁ ਗੋੜੀ ਪੂਰਬੀ।। | ੪੫।।੧।। | (੧੦੯) |
| 10. | ਸਿਧ ਗੋਸਟਿ।। | ੭੩।।੧।। | (੯੩੮) | ਸਿਧ ਗੋਸਟਿ।। | ੭੩।।੧।। | (੧੧੬) |
| 11. | ਦਖਣੀ ਓਅੰਕਾਰੁ।। | ੫੪।।੧।। | (੯੩੦) | ਓਅੰਕਾਰੁ | ੫੪।।੧।। | (੧੩੭) |
| 12. | ਰਾਗੁ ਆਸਾ ਮਹਲਾ ੧ ਪਟੀ ਲਿਖੀ।। | ੩੫।।੧।। | (੪੩੨) | ਅਸ ਪਟੀਆ ਮ:੧ | ੩੫।।੧।। | (੨੭੭) |
| 13. | ਰਾਗੁ ਆਸਾ ਮਹਲਾ ੩ ਪਟੀ।। | ੧੮।।੧।।੨।। | (੪੩੪) | ਆਸਾ ਮ:੩ ਪਟੀਆ।। | ੧੮।।੧।।੨।। | (੨੮੦) |
| 14. | ਆਸਾ ਮਹਲਾ ੧।। ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੈ ਕੀ ਧੁਨੀ।। | ੨੪।।੧।। | (੪੬੨) | ਰਾਗੁ ਆਸਾ ਮਹਲਾ ੧ ਵਾਰ ਆਸਾ ਕੀ ਸਲੋਕ ਨਾਲਿ ਸਲੋਕੁ ਮ.੧ | ੨੪।।੧।। | (੩੯੩) |
| 15. | ਮਾਰੂ ਸੋਲਹੇ ਮਹਲਾ ੧।। | ੧੬।।੧।।-<br>੧੬।।੬।। | (੧੦੨੦) | ਰਾਗੁ ਮਾਰੂ ਮਹਲਾ ੧ ਸੋਲੇ ਚਲੇ।। | ੧੬।।੧।।-<br>੧੬।।੬।। | (੪੬੬) |
| 15.1 | ਮਾਰੂ ਸੋਲਹੇ ਮਹਲਾ ੧।। | ੧੬।।੧।।੭।। | (੧੦੨੬) | ਰਾਗੁ ਮਾਰੂ ਮਹਲਾ ੧ ਸੋਲੇ ਚਲੇ।। | ੧੬।।੭।। | (੪੭੭) |
| 15.2 | ਮਾਰੂ ਸੋਲਹੇ ਮਹਲਾ ੧।। | ੧੭।।੨।।੮।।- | (੧੦੨੮) | ਰਾਗੁ ਮਾਰੂ ਮਹਲਾ ੧ ਸੋਲੇ ਚਲੇ।। | ੧੭।।੮।।- | (੪੭੭) |

| | | | | | | |
|---|---|---|---|---|---|---|
| | | ੧੭॥੫॥੧੧॥ | | | ੧੭॥੧੧॥ | |
| 15.3 | ਮਾਰੂ ਸੋਲਹੇ ਮਹਲਾ ੧॥ | ੧੬॥੬॥੧੨॥ | (੧੦੩੨) | ਰਾਗੁ ਮਾਰੂ ਮਹਲਾ ੧ ਸੋਲੇ ਚਲੇ॥ | ੧੬॥੧੨॥- | (੪੮੪) |
| 15.4 | ਮਾਰੂ ਸੋਲਹੇ ਮਹਲਾ ੧॥ | ੧੬॥੧॥੧੩॥-੧੬॥੪॥੧੬॥ | (੧੦੩੩) | ਰਾਗੁ ਮਾਰੂ ਮਹਲਾ ੧ ਸੋਲੇ ਚਲੇ॥ | ੧੬॥੧੩॥-੧੬॥੧੬ | (੪੮੬) |
| ਪੋਥੀ-ਤੀਜੀ ਭਾਗ-1,2,3 | | | | | | |
| ਲੜੀ ਨੰ. | ਗੁਰੂ ਗ੍ਰੰਥ ਸਾਹਿਬ | ਅੰਕ | ਪੰਨਾ | ਪੋਥੀ | ਅੰਕ | ਪੰਨਾ |
| 15.5 | ਮਾਰੂ ਸੋਲਹੇ ਮਹਲਾ ੧॥ | ੧੭॥੫॥੧੭॥ | (੧੦੩੭) | ਰਾਗੁ ਮਾਰੂ ਮਹਲਾ ੧ ਸੋਲੇ ਚਲੇ॥ | ੧੭॥੧੭॥ | (੧) |
| 15.6 | ਮਾਰੂ ਸੋਲਹੇ ਮਹਲਾ ੧॥ | ੧੫॥੧॥੧੮॥-੧੫॥੫॥੨੨॥ | (੧੦੩੮) | ਰਾਗੁ ਮਾਰੂ ਮਹਲਾ ੧ ਸੋਲੇ ਚਲੇ॥ | ੧੫॥੧੮॥-੧੫॥੨੧॥ ੧੫॥੬੧॥ | (੨) (੬੧) |
| 15.7 | ਮਾਰੂ ਸੋਲਹੇ ਮਹਲਾ ੩॥ | ੧੬॥੧॥੨੩॥ | (੧੦੬੭) | ਮਾਰੂ ਸੋਲਹੇ ਮਹਲਾ ੩॥ | ੧੬॥੨੨॥ | (੯) |
| 15.8 | ਮਾਰੂ ਸੋਲਹੇ ਮਹਲਾ ੩॥ | ੧੬॥੧॥-੧੬॥੫॥੧੪॥ | (੧੦੪੪) | ਮਾਰੂ ਸੋਲਹੇ ਮਹਲਾ ੩॥ | ੧੬॥੨੩॥-੧੬॥੩੬॥ | (੧੧) |
| 15.9 | ਮਾਰੂ ਸੋਲਹੇ ਮਹਲਾ ੩॥ | ੧੬॥੧॥੧੫॥-੧੬॥੮॥੨੨॥ | (੧੦੫੮) | ਮਾਰੂ ਸੋਲਹੇ ਮਹਲਾ ੩॥ | ੧੬॥੩੭॥-੧੬॥੪੪॥ | (੩੭) |
| 15.10 | ਮਾਰੂ ਸੋਲਹੇ ਮਹਲਾ ੩॥ | ੧੬॥੧॥੨੩॥-੧੬॥੨॥੨੪॥ | (੧੦੬੮) | ਮਾਰੂ ਸੋਲਹੇ ਮਹਲਾ ੩॥ | ੧੬॥੪੫॥ | (੫੨) |
| 15.11 | ਮਾਰੂ ਸੋਲਹੇ ਮਹਲਾ ੪॥ | ੧੬॥੧॥-੧੬॥੨॥ | (੧੦੬੯) | ਰਾਗੁ ਮਾਰੂ ਸੋਲਾ ਮਹਲਾ ੪ | ੧੬॥੪੬॥-੧੬॥੪੭॥ | (੫੪) |
| 15.12 | ਮਾਰੂ ਸੋਲਹੇ ਮਹਲਾ ੫॥ | ੧੬॥੧॥ | (੧੦੭੧) | ਰਾਗੁ ਮਾਰੂ ਸੋਲਾ ਮਹਲਾ ੫ | ੧੬॥੪੮॥ | (੫੭) |
| 15.13 | ਮਾਰੂ ਸੋਲਹੇ ਮਹਲਾ ੫॥ | ੧੫॥੧॥੨॥ | (੧੦੭੨) | ਮਾਰੂ ਸੋਲਾ ਮਹਲਾ ੫ | ੧੫॥੪੯॥ | (੫੯) |
| 15.14 | ਮਾਰੂ ਸੋਲਹੇ ਮਹਲਾ ੫॥ | ੧੭॥੧॥੩॥ | (੧੦੭੪) | ਮਾਰੂ ਸੋਲਾ ਮਹਲਾ ੫ | ੧੭॥੫੦॥ | (੬੧) |
| 15.15 | ਮਾਰੂ ਮਹਲਾ ੫ ਸੋਲਹੇ॥ | ੯॥੧॥੪॥ | (੧੦੭੫) | ਮਾਰੂ ਸੋਲਾ ਮਹਲਾ ੫॥ | ੯॥੫੧॥ | (੬੪) |
| 15.16 | ਮਾਰੂ ਸੋਲਹੇ ਮਹਲਾ ੫॥ | ੧੬॥੧॥੫॥ | (੧੦੭੫) | ਮਾਰੂ ਸੋਲਾ ਮਹਲਾ ੫ | ੧੬॥੫੨॥ | (੬੫) |
| 15.17 | ਮਾਰੂ ਸੋਲਹੇ ਮਹਲਾ ੫॥ | ੧੬॥੧॥੬॥ | (੧੦੭੬) | ਮਾਰੂ ਸੋਲਾ ਮਹਲਾ ੫ | ੧੬॥੫੩॥ | (੬੮) |
| 15.18 | ਮਾਰੂ ਸੋਲਹੇ ਮਹਲਾ ੫॥ | ੧੫॥੨॥੭॥ | (੧੦੭੭) | ਮਾਰੂ ਸੋਲਾ ਮਹਲਾ ੫ | ੧੫॥੫੪॥ | (੭੦) |

| | | | | | | |
|---|---|---|---|---|---|---|
| 15.19 | ਮਾਰੂ ਸੋਲਹੇ ਮਹਲਾ ੫।। | ੧੬।।੧।।੮।।-੧੬।।੨।।੯।। | (੧੦੭੯) | ਮਾਰੂ ਸੋਲਾ ਮਹਲਾ ੫ | ੧੬।।੫੫।।-੧੬।।੫੬।। | (੭੨) |
| 15.20 | ਮਾਰੂ ਸੋਲਹੇ ਮਹਲਾ ੫।। | ੧੬।।੧।।੧੦।। | (੧੦੮੧) | ਮਾਰੂ ਸੋਲਾ ਮਹਲਾ ੫ | ੧੬।।੫੭।। | (੭੭) |
| 15.21 | ਮਾਰੂ ਸੋਲਹੇ ਮਹਲਾ ੫।। | ੨੧।।੨।।੧੧।। | (੧੦੮੨) | ਮਾਰੂ ਸੋਲਾ ਮਹਲਾ ੫ | ੨੧।।੫੮।। | (੭੯) |
| 15.22 | ਮਾਰੂ ਸੋਲਹੇ ਮਹਲਾ ੫।। | ੧੫।।੩।।੧੨।। | (੧੦੮੩) | ਮਾਰੂ ਸੋਲਾ ਮਹਲਾ ੫ | ੧੫।।੫੯।। | (੮੨) |
| 15.23 | ਮਾਰੂ ਸੋਲਹੇ ਮਹਲਾ ੫।। | ੧੬।।੪।।੧੩।। | (੧੦੮੪) | ਮਾਰੂ ਸੋਲਾ ਮਹਲਾ ੫ | ੧੬।।੬੦।। | (੮੫) |
| 16. | ਮਾਰੂ ਵਾਰ ਮਹਲਾ ੩।। | **੨੨**।।੧।। | (੧੦੮੭) | ਰਾਗੁ ਮਾਰੂ ਮਹਲਾ ੩ ਵਾਰ ਸਲੋਕਾ ਨਾਲਿ।। | **੨੧**।।੧।। | (੯੦) |
| 17. | ਮਾਰੂ ਵਾਰ ਮਹਲਾ ੫ ਡਖਣੇ।। | ੨੩।।**੧**।।੨।। | (੧੦੯੪) | ਰਾਗੁ ਮਾਰੂ ਕੀ ਵਾਰ ਸਲੋਕਾ ਨਾਲਿ ਮਹਲਾ ੫।। ਸਲੋਕੁ ਡਖਣੇ।। ਮਹਲਾ ੫ | ੨੩।।**੨**।। | (੧੦੬) |
| 18. | ਤੁਖਾਰੀ ਛੰਤ ਮਹਲਾ ੧ ਬਾਰਹਮਾਹਾ।। | ੧੭।।੧।। | (੧੧੦੭) | ਰਾਗੁ ਤੁਖਾਰੀਬਾਰਹਮਾਹਾਮਹਲਾ੧ਬਾਣੀਦਖਣੀ।।ਛੰਤ ।। | ੧੭।।੧।। | (੧੩੩) |
| 19. | ਬਿਹਾਗੜੇ ਕੀ ਵਾਰ ਮਹਲਾ ੪।। | ੨੧।।੧।। | (੫੪੮) | ਰਾਗੁ ਬਿਹਾਗੜਾ ਮਹਲਾ ੪ ਵਾਰ ਸਲੋਕਾ ਨਾਲਿ।। | ੨੧।।੧।। | (੧੯੩) |
| 20. | ਵਡਹੰਸੁ ਮਹਲਾ ੪ ਘੋੜੀਆ।। | ੪।।੨।।**੬**।। | (੫੭੫) | ਰਾਗੁ ਵਡਹੰਸੁ ਮਹਲਾ ੪ ਘੋੜੀਆ।। | ੪।।੨।। | (੪੦੮) |
| 21. | ਰਾਗੁ ਵਡਹੰਸੁ ਮਹਲਾ੧ਘਰੁ੫ਅਲਾਹਣੀਆ।। | ੪।।੫।। | (੫੭੯) | ਰਾਗੁ ਵਡਹੰਸੁ ਮਹਲਾ ੧ ਅਲਾਹਣੀ ਘਰ ੫ | ੪।।੫।। | (੪੧੫) |
| | | | ਪੋਥੀ- ਚੌਥੀ ਭਾਗ-1,2,3 | | | |
| ਲੜੀ ਨੰ. | ਗੁਰੂ ਗ੍ਰੰਥ ਸਾਹਿਬ | ਅੰਕ | ਪੰਨਾ | ਪੋਥੀ | ਅੰਕ | ਪੰਨਾ |
| 22. | ਰਾਗੁ ਸੋਰਠਿ ਵਾਰ ਮਹਲੇ ੪ ਕੀ।। | ੨੯।।੧।। | (੬੪੨) | ਰਾਗੁ ਸੋਰਠਿ ਮਹਲਾ ੪।। ਵਾਰ ਸਲੋਕਾ ਨਾਲਿ।। | ੨੯।।੧।। | (੪੫) |
| 23. | ਗੁਜਰੀ ਕੀ ਵਾਰ ਮਹਲਾ ੩।। ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ।। | ੨੨।।੧।। | (੫੦੮) | ਰਾਗੁ ਗੁਜਰੀਕੀਵਾਰਮਹਲਾਤੀਜਾ੩ ਸਿਕੰਦਰਬਿਰਾਹਮਕੀਵਾਰਕੀਧੁਨੀਉਪਰਿਗਾਵਣੀ।। | ੨੨।।੧।। | (੭੫) |
| 24. | ਸਾਰੰਗ ਕੀ ਵਾਰ ਮ:੪ ਰਾਇ ਮਹਮੇ ਹਸਨੇ ਕੀ ਧੁਨਿ।। | ੩੬।।੧।। | (੧੨੩੭) | ਰਾਗੁ ਸਾਲਗ ਕੀ ਵਾਰ ਮਹਲ ਚਉਥਾ ੪।। ਰਾਇ ਮਹਮੇ ਹਸਨ ਕੀ ਧੁਨ | ੩੬।।੧।। | (੯੪) |
| 25. | ਗਉੜੀ ਕੀ ਵਾਰ ਮਹਲਾ ੪।। | ੩੩।।੧।। | (੩੦੦) | ਰਾਗੁ ਗਉੜੀ ਮਹਲਾ ੪ ਵਾਰ ਸਲੋਕਾ ਨਾਲਿ ਲਿਖੀ | ੩੩।।੧।। | (੧੨੩) |
| 26. | ਗਉੜੀ ਕੀ ਵਾਰ ਮ:੫।। ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ।। | ੨੧।।੧।। | (੩੧੮) | ਗਉੜੀ ਕੀ ਵਾਰ ਸਲੋਕਾ ਨਾਲ।। ਮ:੫ | ੨੧।।੧।। | (੧੬੩) |
| 27. | ਸਿਰੀਰਾਗ ਕੀ ਵਾਰ ਮਹਲਾ ੪ ਸਲੋਕਾ ਨਾਲਿ।। | ੨੧।।੧।। | (੮੩) | ਸ੍ਰੀਰਾਗ ਕੀ ਵਾਰ।। ਮਹਲਾ ੪।। ਸਲੋਕੁ।। | ੨੧।।੧।। | (੧੭੫) |
| 28. | ਵਾਰ ਮਾਝ ਕੀ ਤਥਾ ਸਲੋਕ ਮਹਲਾ ੧।। ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ।। | ੨੭।। | (੧੩੮) | ਰਾਗੁ ਮਾਝ ਕੀ ਵਾਰ ਸਲੋਕਾ ਨਾਲਿ ਮਹਲਾ ੧ | ੨੭।।**੧**।। | (੧੯੦) |
| 29. | ਬਸੰਤ ਕੀ ਵਾਰ ਮਹਲੁ ੫।। | ੩।।੧।। | (੧੧੯੩) | ਰਾਗੁ ਬਸੰਤੁ ਵਾਰ ਮਹਲਾ ੫ | ੩।।੧।। | (੨੨੨) |
| 30. | ਕਾਨੜੇ ਕੀਵਾਰਮਹਲਾ੪ਮੂਸੇ ਕੀਵਾਰਕੀਧੁਨੀ।। | ੧੫।।੧।। | (੧੩੧੨) | ਰਾਗੁ ਕਾਨੜਾ ਮਹਲਾ ੪ ਵਾਰ ਸਲੋਕਾ ਨਾਲਿ।। | ੧੫।।੧।। | (੨੨੪) |
| 31. | ਰਾਗੁ ਗੂਜਰੀ ਵਾਰ ਮਹਲਾ ੫।। | ੨੧।।੧।।**੨**।। | (੫੧੭) | ਰਾਗੁ ਗੂਜਰੀ ਮਹਲਾ ੫ ।। ਵਾਰ।। | ੨੧।।੧।। | (੨੩੫) |

| | | | | | | |
|---|---|---|---|---|---|---|
| 32. | ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ॥ | ੨੦॥੧॥ | (੭੦੬) | ਰਾਗੁ ਜੈਤਸਿਰੀ ਕੀ ਵਾਰ॥ ਮਹਲ ੫॥ | ੨੦॥**੨**॥੧॥**੩**॥ | (੨੫੧) |
| 33. | ਵਡਹੰਸ ਕੀ ਵਾਰ ਮਹਲਾ ੪ ਲਲਾਂ ਬਹਲੀਮਾਂ ਕੀ ਧੁਨਿ ਗਾਵਣੀ॥ | ੨੧॥੧॥ | (੫੮੫) | ਰਾਗੁ ਵਡਹੰਸ ਮਹਲਾ॥ ੪॥ ਵਾਰ ਸਲੋਕਾ ਨਾਲਿ॥ | ੨੧॥੧॥**੪**॥**੧੧**॥ | (੨੬੦) |
| 34. | ਬਿਲਾਵਲੁ ਕੀ ਵਾਰ ਮਹਲਾ ੪॥ | ੧੩॥੧॥ | (੮੪੯) | ਰਾਗੁ ਬਿਲਾਵਲ ਕੀ ਵਾਰ ਸਲੋਕਾ ਨਾਲਿ ਮਹਲਾ ੪॥ | ੧੩॥੧॥ | (੨੮੩) |
| 35. | ਵਾਰ ਮਲਾਰ ਕੀ ਮਹਲਾ ੧ ਰਾਣੈ ਕੈਲਾਸ ਤਥਾ ਮਾਲਦੇ ਕੀ ਧੁਨਿ॥ | ੨੮॥੧। | (੧੨੭੯) | ਰਾਗੁ ਮਲਾਰ ਮਹਲਾ ੧ ਵਾਰ॥ ਰਾਣੈ ਕੈਲਾਸ ਕੀ ਧੁਨ॥ | ੨੮॥੧॥ | (੨੯੯) |
| 36. | ਰਾਮਕਲੀ ਕੀ ਵਾਰ ਮਹਲਾ ੩॥ | ੨੧॥੧॥ | (੯੪੭) | ਰਾਗੁ ਰਾਮਕਲੀ ਕੀ ਵਾਰ ਮਹਲਾ ਤੀਜਾ ੩॥ | ੨੧॥੧॥ | (੩੨੧) |
| 37. | ਰਾਮਕਲੀ ਕੀ ਵਾਰ ਮਹਲਾ ੫॥ | ੨੨॥੧॥**੨**॥ | (੯੫੭) | ਰਾਗੁ ਰਾਮਕਲੀ ਕੀ ਵਾਰ ਮਹਲਾ ੫॥ | ੨੨॥੧॥**੩**॥ | (੩੩੬) |
| 38. | ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ॥ | ੮॥੧॥ | (੯੬੬) | ਰਾਗੁ ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ॥ | ੮॥੧॥**੩**॥ | (੩੪੯) |
| 39. | ਸਲੋਕ ਭਗਤ ਕਬੀਰ ਜੀਉ ਕੇ॥ | ੨੪੩॥ | (੧੩੬੪) | ਸਲੋਕ ਸ੍ਰੀ ਕਬੀਰ ਜੀਉ ਕੇ | ੨੪੩॥ | (੩੫੩) |
| 40. | ਸਲੋਕ ਸੇਖ ਫਰੀਦ ਕੇ॥ | ੧੩੦॥ | (੧੩੭੭) | ਸਲੋਕ ਸੇਖ ਫਰੀਦ ਕੇ॥ | ੧੩੦॥ | (੩੭੩) |
| 41. | ਮੁੰਦਾਵਣੀ ਮਹਲਾ ੫॥ | ੧॥ | (੧੪੨੯) | ਮੁੰਦਾਵਣੀ ਮਹਲਾ ੫ | ੧॥ | (੪੩੯) |
| 42. | ਸਲੋਕ ਸਹਸਕ੍ਰਿਤੀ ਮਹਲਾ ੫॥ | ੬੭॥**੪**॥ | (੧੩੫੪) | ਸਲੋਕ ਸਹੰਸਕ੍ਰਿਤੀ ਮ: ੫ | ੬੭॥ | (੪੪੯) |
| 43. | ਮਹਲਾ ੫ ਗਾਥਾ॥ | ੨੪॥ | (੧੩੬੦) | ਗਾਥਾ ਮ:੫॥ | ੨੪॥ | (੪੬੧) |
| 44. | ਚਉਬੋਲੇ ਮਹਲਾ ੫॥ | ੧੧॥ | (੧੩੬੩) | ਚਉਬੋਲੇ॥ ਮਹਲਾ ੫॥ | ੧੧॥ | (੪੬੩) |
| 45. | ਫੁਨਹੇ ਮਹਲਾ ੫॥ | ੨੩॥ | (੧੩੬੧) | ਫੁਨੇਹ ਮਹਲਾ ੫॥ | ੨੩॥ | (੪੬੪) |
| 46. | ਰਾਗਮਾਲਾ॥ | ੧॥ | (੧੪੩੦) | ਰਾਗਮਾਲਾ॥ | ੧॥ | (੪੬੮) |

ਨੋਟ: 1. ਜਿਸ ਸਥਾਨ 'ਤੇ ਅੰਕ ਲਾਲ ਕੀਤੇ ਗਏ ਹਨ ਉਸ ਦਾ ਅਰਥ ਹੈ ਕਿ ਉਹ ਅੰਕ ਬਾਹੋਵਾਲ ਵਾਲੀ ਪੋਥੀ ਵਿਚ ਮੌਜੂਦ ਨਹੀਂ।

2. ਜਿਸ ਸਥਾਨ 'ਤੇ ਅੰਕ ਨਾਭੀ ਕੀਤੇ ਗਏ ਹਨ ਉਸਦਾ ਅਰਥ ਹੈ ਕਿ ਉਹ ਅੰਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਨਹੀਂ।

3. ਜਿਸ ਸਥਾਨ 'ਤੇ (_) ਇਸ ਚਿੰਨ੍ਹ ਦੀ ਵਰਤੋਂ ਕੀਤੀ ਗਈ ਹੈ ਉਸਦਾ ਅਰਥ ਹੈ ਕਿ ਉਹ ਅੰਕ ਬਾਹੋਵਾਲ ਵਾਲੀ ਪੋਥੀ ਵਿਚ ਮੌਜੂਦ ਨਹੀਂ।

4. ਬਾਣੀ ਕ੍ਰਮ ਵਿਚੋਂ ਅੰਕ ਨੋਟ ਕੀਤੇ ਗਏ ਹਨ ਜਿਵੇਂ:-

ਜਪੁ 1, ਬਾਰਹਮਾਹਾ ਮਾਂਝ 3, ਦਿਨ ਰੈਣਿ 4, ਥਿਤੀ 5, ਥਿਤੀ 6, ਸੁਖਮਨੀ 7, ਗਉੜੀ ਬਾਵਨ ਅਖਰੀ 8, ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ 9, ਸਿਧ ਗੋਸਟਿ 10, ਦਖਣੀ ਓਅੰਕਾਰੁ 11, ਪਟੀ ਲਿਖੀ 12, ਪਟੀ 13, ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੈ ਕੀ ਧੁਨੀ 14, ਮਾਰੂ ਸੋਲਹੇ 15, ਮਾਰੂ ਵਾਰ 16, ਡਖਣੇ 17, ਤੁਖਾਰੀ ਬਾਰਹਮਾਹਾ 18, ਬਿਹਾਗੜੇ ਕੀ ਵਾਰ 19, ਘੋੜੀਆ 20, ਅਲਾਹਣੀਆ 21, ਰਾਗੁ ਸੋਰਠਿ ਵਾਰ 22, ਗੂਜਰੀ ਕੀ ਵਾਰ 23, ਸਾਰੰਗ ਕੀ ਵਾਰ 24, ਗਉੜੀ ਕੀ ਵਾਰ ਮਹਲਾ ੪ 25, ਗਉੜੀ ਕੀ ਵਾਰ ਮ:੫ 26, ਸਿਰੀਰਾਗ ਕੀ ਵਾਰ 27, ਵਾਰ ਮਾਝ ਕੀ ਤਥਾ ਸਲੋਕ ਮਹਲਾ ੧ 28, ਬਸੰਤ ਕੀ ਵਾਰ 29, ਕਾਨੜੇ ਕੀ ਵਾਰ 30, ਰਾਗੁ ਗੁਜਰੀ ਵਾਰ 31, ਜੈਤਸਰੀ ਮਹਲਾ ੫ ਵਾਰ 32, ਵਡਹੰਸ ਕੀ ਵਾਰ 33, ਬਿਲਾਵਲੁ ਕੀ ਵਾਰ 34, ਵਾਰ ਮਲਾਰ ਕੀ 35, ਰਾਮਕਲੀ ਕੀ ਵਾਰ 36,37,38, ਸਲੋਕ ਭਗਤ ਕਬੀਰ ਜੀਉ ਕੇ 39, ਸਲੋਕ ਸੇਖ ਫਰੀਦ ਕੇ 40, ਮੁੰਦਾਵਣੀ 41, ਸਲੋਕ ਸਹਸਕ੍ਰਿਤੀ 42, ਗਾਥਾ 43, ਚਉਬੋਲੇ 44, ਫੁਨਹੇ 45, ਰਾਗਮਾਲਾ 46

5. ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਬਾਹੋਵਾਲ ਪੋਥੀ ਵਿਚ ਉਹ ਬਾਣੀਆਂ ਜਿਹਨਾਂ ਵਿਚ ਅੰਕ ਸਮਾਨ ਆਏ ਹਨ:

ਜਪੁ 1, ਬਾਰਹਮਾਹਾ ਮਾਂਝ 3, ਥਿਤੀ 6, ਸੁਖਮਨੀ 7, ਗਉੜੀ ਬਾਵਨ ਅਖਰੀ 8, ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ 9, ਸਿਧ ਗੋਸਟਿ 10, ਦਖਣੀ ਓਅੰਕਾਰੁ 11, ਪਟੀ ਲਿਖੀ 12, ਪਟੀ 13, ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੈ ਕੀ ਧੁਨੀ 14, ਤੁਖਾਰੀ ਬਾਰਹਮਾਹਾ 18, ਬਿਹਾਗੜੇ ਕੀ ਵਾਰ 19,

ਅਲਾਹਣੀਆ 21, ਰਾਗੁ ਸੋਰਠਿ ਵਾਰ 22, ਗੁਜਰੀ ਕੀ ਵਾਰ 23, ਸਾਰੰਗ ਕੀ ਵਾਰ 24, ਗਉੜੀ ਕੀ ਵਾਰ ਮਹਲਾ ੪ 25, ਗਉੜੀ ਕੀ ਵਾਰ ਮ:੫ 26, ਸਿਰੀਰਾਗ ਕੀ ਵਾਰ 27, ਬਸੰਤ ਕੀ ਵਾਰ 29, ਕਾਨੜੇ ਕੀ ਵਾਰ 30, ਬਿਲਾਵਲੁ ਕੀ ਵਾਰ 34, ਵਾਰ ਮਲਾਰ ਕੀ 35, ਰਾਮਕਲੀ ਕੀ ਵਾਰ 36, ਸਲੋਕ ਭਗਤ ਕਬੀਰ ਜੀਉ ਕੇ 39, ਸਲੋਕ ਸੇਖ ਫਰੀਦ ਕੇ 40, ਮੁੰਦਾਵਣੀ 41, ਗਾਥਾ 43, ਚਉਬੋਲੇ 44, ਫੁਨਹੇ 45, ਰਾਗਮਾਲਾ 46

6. ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਬਾਹੋਵਾਲ ਪੋਥੀ ਵਿਚ ਉਹ ਬਾਣੀਆਂ ਜਿਹਨਾਂ ਵਿਚ ਅੰਕ ਸਮਾਨ ਨਹੀਂ ਆਏ:
   ਦਿਨ ਰੈਣਿ 4, ਥਿਤੀ 5, ਗਉੜੀ ਬਾਵਨ ਅਖਰੀ 8, ਬਾਵਨ ਅਖਰੀ ਕਬੀਰ ਜੀਉ ਕੀ 9, ਮਾਰੂ ਸੋਲਹੇ 15, ਮਾਰੂ ਵਾਰ 16, ਡਖਣੇ 17, ਘੋੜੀਆ 20, ਵਾਰ ਮਾਝ ਕੀ ਤਥਾ ਸਲੋਕ ਮਹਲਾ ੧ 28, ਰਾਗੁ ਗੁਜਰੀ ਵਾਰ 31, ਜੈਤਸਰੀ ਮਹਲਾ ੫ ਵਾਰ 32, ਵਡਹੰਸ ਕੀ ਵਾਰ 33, ਰਾਮਕਲੀ ਕੀ ਵਾਰ 37,38, ਸਲੋਕ ਸਹਸਕ੍ਰਿਤੀ 42
   ਟਿਪਣੀ:

1. ਦਿਨ ਰੈਣਿ : ਸ੍ਰੀ ਗੁ. ਗ੍ਰੰ. ਸਾ. ਵਿਚ ੪।।੧।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੪।। ਆਇਆ ਹੈ।
2. ਥਿਤੀ : ਸ੍ਰੀ ਗੁ. ਗ੍ਰੰ. ਸਾ. ਵਿਚ ੧੭।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੭।।੧।। ਆਇਆ ਹੈ।
3. ਗਉੜੀ ਬਾਵਨ ਅਖਰੀ: ਸ੍ਰੀ ਗੁ. ਗ੍ਰੰ. ਸਾ. ਵਿਚ ੫੫।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੫੫।।੧।। ਆਇਆ ਹੈ।
4. ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ: ਸ੍ਰੀ ਗੁ. ਗ੍ਰੰ. ਸਾ. ਵਿਚ ੪੫।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੪੫।।੧।। ਆਇਆ ਹੈ।
5. ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੧੬।।੧।।੭।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੬।।੭।। ਆਇਆ ਹੈ।
   15.1 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੧੭।।੨।।੮।।-੧੭।।੫।।੧੧ ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੭।।੮।।-੧੭।।੧੧।। ਆਇਆ ਹੈ।
   15.2 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੧੬।।੬।।੧੨।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੬।।੧੨।। ਆਇਆ ਹੈ।
   15.3 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੧੬।।੧।।੧੩।।-੧੬।।੪।।੧੬।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੬।।੧੩।।-੧੬।।੧੬।। ਆਇਆ ਹੈ।
   15.5 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੧੭।।੫।।੧੭।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੭।।੧੭।। ਆਇਆ ਹੈ।
   15.6 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੧੫।।੧।।੧੮।।-੧੫।।੫।।੨੨।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੫।।੧੮-੧੫।।੨੧।।, ੧੫।।੬੧।। ਆਇਆ ਹੈ।
   15.7 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੧੬।।੧।।੨੩।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੬।।੨੨।। ਆਇਆ ਹੈ।
   15.8 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੧੬।।੧।।-੧੬।।੫।।੧੪।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੬।।੨੩।।-੧੬।।੩੬।। ਆਇਆ ਹੈ। (ਸ੍ਰੀ ਗੁ. ਗ੍ਰੰ. ਸਾ. ਵਿਚ ੧ ਤੋਂ ੧੦ ਤਕ ਅੰਕ ਚਲ ਰਹੇ ਹਨ ਅਤੇ ੧੧ ਅੰਕ ਦੀ ਬਜਾਏ ਦੁਬਾਰਾ ੧ ਅੰਕ ਤੋਂ ਹੀ ਸ਼ੁਰੂ ਹੋ ਰਹੇ ਹਨ।
   15.9 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੧੬।।੧।।੧੫।।-੧੬।।੮।।੨੨।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੬।।੩੭।।-੧੬।।੪੪।। ਆਇਆ ਹੈ।
   15.10 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੧੬।।੧।।੨੩।।-੧੬।।੨।।੨੪।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੬।।੪੫।। ਆਇਆ ਹੈ।
   15.11 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੧੬।।੧।।-੧੬।।੨।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੬।।੪੬।।-੧੬।।੪੭।। ਆਇਆ ਹੈ।
   15.12 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੧੬।।੧।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੬।।੪੮।। ਆਇਆ ਹੈ।
   15.13 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੧੫।।੧।।੨।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੫।।੪੯।। ਆਇਆ ਹੈ।
   15.14 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੧੭।।੧।।੧੩।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੭।।੫੦।। ਆਇਆ ਹੈ।
   15.15 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੯।।੧।।੪।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੯।।੫੧।। ਆਇਆ ਹੈ।
   15.16 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੧੬।।੧।।੫।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੬।।੫੨।। ਆਇਆ ਹੈ।
   15.17 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੧੬।।੧।।੬।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੬।।੫੩।। ਆਇਆ ਹੈ।
   15.18 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੧੫।।੨।।੭।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੫।।੫੪।। ਆਇਆ ਹੈ।
   15.19 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੧੬।।੧।।੮।।-੧੬।।੨।।੯।। ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੬।।੫੫।।-੧੬।।੫੬।। ਆਇਆ ਹੈ।

15.20 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੧੬॥੧॥੧੦॥ ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੬॥੫੭॥ ਆਇਆ ਹੈ।
15.21 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੨੧॥੨॥੧੧॥ ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੨੧॥੫੮॥ ਆਇਆ ਹੈ।
15.22 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੧੫॥੩॥੧੨॥ ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੫॥੫੯॥ ਆਇਆ ਹੈ।
15.23 ਮਾਰੂ ਸੋਲਹੇ : ਸ੍ਰੀ ਗੁ. ਗ੍ਰੰ. ਸਾ. ਵਿਚ ੧੬॥੪॥੧੩॥ ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੧੬॥੬੦॥ ਆਇਆ ਹੈ।

6. ਮਾਰੂ ਵਾਰ: ਸ੍ਰੀ ਗੁ. ਗ੍ਰੰ. ਸਾ. ਵਿਚ ੨੨॥੧॥ ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੨੧॥੧॥ ਆਇਆ ਹੈ।
7. ਡਖਣੇ : ਸ੍ਰੀ ਗੁ. ਗ੍ਰੰ. ਸਾ. ਵਿਚ ੨੩॥੧॥੨॥ ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੨੩॥੨॥ ਆਇਆ ਹੈ।
8. ਘੋੜੀਆ : ਸ੍ਰੀ ਗੁ. ਗ੍ਰੰ. ਸਾ. ਵਿਚ ੪॥੨॥੬॥ ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੪॥੨॥ ਆਇਆ ਹੈ।
9. ਵਾਰ ਮਾਝ ਕੀ ਤਥਾ ਸਲੋਕ ਮਹਲਾ ੧ : ਸ੍ਰੀ ਗੁ. ਗ੍ਰੰ. ਸਾ. ਵਿਚ ੨੭॥ ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੨੭॥੧॥ ਆਇਆ ਹੈ ।
10. ਰਾਗੁ ਗੂਜਰੀ ਵਾਰ : ਸ੍ਰੀ ਗੁ. ਗ੍ਰੰ. ਸਾ. ਵਿਚ ੨੧॥੧॥੨॥ ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੨੧॥੧॥ ਆਇਆ ਹੈ ।
11. ਜੈਤਸਰੀ ਮਹਲਾ ੫ : ਸ੍ਰੀ ਗੁ. ਗ੍ਰੰ. ਸਾ. ਵਿਚ ੨੦॥੧॥ ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੨੦॥੨॥੩॥ ਆਇਆ ਹੈ ।
12. ਵਡਹੰਸ ਕੀ ਵਾਰ : ਸ੍ਰੀ ਗੁ. ਗ੍ਰੰ. ਸਾ. ਵਿਚ ੨੧॥੧॥ ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੨੧॥੧॥੪॥੧੧॥ ਆਇਆ ਹੈ ।
13. ਰਾਮਕਲੀ ਕੀ ਵਾਰ ਮਹਲਾ ੫॥ : ਸ੍ਰੀ ਗੁ. ਗ੍ਰੰ. ਸਾ. ਵਿਚ ੨੨॥੧॥੨॥ ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੨੨॥੧॥੩॥ ਆਇਆ ਹੈ।
14. ਰਾਮਕਲੀ ਕੀ ਵਾਰ : ਸ੍ਰੀ ਗੁ. ਗ੍ਰੰ. ਸਾ. ਵਿਚ ੮॥੧॥ ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੮॥੧॥੩ ਆਇਆ ਹੈ ।
15. ਸਲੋਕ ਸਹਸਕ੍ਰਿਤੀ : ਸ੍ਰੀ ਗੁ. ਗ੍ਰੰ. ਸਾ. ਵਿਚ ੬੭॥੪॥ ਆਇਆ ਹੈ ਪਰ ਪੋਥੀ ਵਿਚ ਇਸ ਦਾ ਅੰਕ ੬੭॥ ਆਇਆ ਹੈ।

1. ਦਿਨ ਰੈਣਿ- ੪॥੧॥- ਸ੍ਰੀ ਗੁ. ਗ੍ਰੰ. ਸਾ. ਵਿਚ ਇਸ ਬਾਣੀ ਦੇ ੪ ਬੰਦ ਆਏ ਹਨ ਅਤੇ ੧ ਬਾਣੀ ਦਾ ਸੂਚਕ ਹੈ ਪਰ ਪੋਥੀ ਵਿਚ ੧ ਬਾਣੀ ਦਾ ਸੂਚਕ ਨਹੀਂ ਆਇਆ ੪ ਬੰਦਾਂ ਦਾ ਸੂਚਕ ਅੰਕ ਆਇਆ ਹੈ।
2. ਥਿਤੀ- ੧੭॥- ਸ੍ਰੀ ਗੁ. ਗ੍ਰੰ. ਸਾ. ਵਿਚ ਇਸ ਬਾਣੀ ਦੇ ੧੭ ਬੰਦ ਆਏ ਹਨ ਪਰ ਪੋਥੀ ਵਿਚ ੧੭॥੧॥ ਆਇਆ ਹੈ ਇਸ ਵਿਚ ੧ ਬਾਣੀ ਦੀ ਗਿਣਤੀ ਦਾ ਸੂਚਕ ਆਇਆ ਹੈ।
3. ਗਉੜੀ ਬਾਵਨ ਅਖਰੀ- ੫੫॥- ਸ੍ਰੀ ਗੁ. ਗ੍ਰੰ. ਸਾ. ਵਿਚ ਇਸ ਬਾਣੀ ਦੇ ੫੫ ਬੰਦ ਆਏ ਹਨ ਪਰ ਪੋਥੀ ਵਿਚ ੫੫॥੧॥ ਆਇਆ ਹੈ ਇਸ ਵਿਚ ੧ ਬਾਣੀ ਦੀ ਗਿਣਤੀ ਦਾ ਸੂਚਕ ਆਇਆ ਹੈ।
4. ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ- ੪੫॥- ਸ੍ਰੀ ਗੁ. ਗ੍ਰੰ. ਸਾ. ਵਿਚ ਇਸ ਬਾਣੀ ਦੇ ੪੫ ਬੰਧ ਆਏ ਹਨ ਪਰ ਪੋਥੀ ਵਿਚ ੪੫॥੧॥ ਆਇਆ ਹੈ ਇਸ ਵਿਚ ੧ ਬਾਣੀ ਦੀ ਗਿਣਤੀ ਦਾ ਸੂਚਕ ਹੈ।
5. ਮਾਰੂ ਸੋਲਹੇ

5.1. ੧੬॥੧॥-੧੬॥੬॥- ਸ੍ਰੀ ਗੁ. ਗ੍ਰੰ. ਸਾ. ਅਤੇ ਬਾਹੋਵਾਲ ਵਾਲੀ ਪੋਥੀ ਵਿਚ ੧੬ ਪਦਿਆਂ ਦੀ ਗਿਣਤੀ ਅਤੇ ੧ ਤੋਂ ੬ ਤਕ ਨਿਰੰਤਰ ਸੋਲਹਿਆਂ ਦੀ ਗਿਣਤੀ ਹੈ।
5.2. ੧੬॥੧॥੭॥ - ਸ੍ਰੀ ਗੁ. ਗ੍ਰੰ. ਸਾ. ਵਿਚ ੧੬ ਪਦੇ, ੧ ਸੋਲਹੇ ਦੀ ਗਿਣਤੀ ਅਤੇ ੭ ਨਿਰੰਤਰ ਸੋਲਹਿਆਂ ਦੀ ਗਿਣਤੀ ਹੈ ਪਰ ਪੋਥੀ ਵਿਚ ੧੬ ਪਦੇ ਅਤੇ ੭ ਨਿਰੰਤਰ ਪਦਿਆ ਦੀ ਗਿਣਤੀ ਆਈ ਹੈ।
5.3. ੧੭॥੨॥੮॥-੧੭॥੫॥੧੧॥- ਸ੍ਰੀ ਗੁ. ਗ੍ਰੰ. ਸਾ. ਵਿਚ ੧੭ ਪਦੇ, ੨ ਤੋਂ ੫ ਸੋਲਹਿਆਂ ਦੀ ਗਿਣਤੀ, ੮ ਤੋਂ ੧੧ ਨਿਰੰਤਰ ਸੋਲਹਿਆਂ ਦੀ ਗਿਣਤੀ ਹੈ ਪਰ ਪੋਥੀ ਵਿਚ ੧੭ ਪਦੇ ਅਤੇ ੮ ਤੋਂ ੧੧ ਨਿਰੰਤਰ ਪਦਿਆ ਦੀ ਗਿਣਤੀ ਆਈ ਹੈ।
5.4. ੧੬॥੬॥੧੨॥- ਸ੍ਰੀ ਗੁ. ਗ੍ਰੰ. ਸਾ. ਵਿਚ ੧੬ ਪਦੇ, ੬ ਸੋਲਹਿਆਂ ਦੀ ਗਿਣਤੀ ਅਤੇ ੧੨ ਨਿਰੰਤਰ ਸੋਲਹਿਆਂ ਦੀ ਗਿਣਤੀ ਹੈ ਪਰ ਪੋਥੀ ਵਿਚ ੧੬ ਪਦੇ ਅਤੇ ੧੨ ਨਿਰੰਤਰ ਪਦਿਆ ਦੀ ਗਿਣਤੀ ਆਈ ਹੈ।
5.5. ੧੬॥੧॥੧੩॥-੧੬॥੪॥੧੬॥- ਸ੍ਰੀ ਗੁ. ਗ੍ਰੰ. ਸਾ. ਵਿਚ ੧੬ ਪਦੇ, ੧ ਤੋਂ ੪ ਸੋਲਹਿਆਂ ਦੀ ਗਿਣਤੀ ਅਤੇ ੧੩ ਤੋਂ ੧੬ ਨਿਰੰਤਰ ਸੋਲਹਿਆਂ ਦੀ ਗਿਣਤੀ ਹੈ। *ਸ੍ਰੀ ਗੁ. ਗ੍ਰੰ. ਸਾ. ਵਿਚ ਇਥੇ ਸਿਰਲੇਖ 'ਮਾਰੂ ਮਹਲਾ ੧ ਦਖਣੀ' ਆਉਣ ਨਾਲ ਸੋਲਹਿਆਂ ਦੀ ਗਿਣਤੀ ੧ ਤੋਂ ਸ਼ੁਰੂ ਹੋ ਗਈ ਹੈ। ਪਰ ਪੋਥੀ ਵਿਚ ੧੬ ਪਦੇ ਅਤੇ ੧੩ ਤੋਂ ੧੬ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ।

5.6. ੧੭॥੫॥੧੭॥- ਸ੍ਰੀ ਗੁ. ਗ੍ਰੰ. ਸਾ. ਵਿਚ ੧੭ ਪਦੇ, ੫ ਸੋਲਹੇ ਦੀ ਗਿਣਤੀ ਅਤੇ ੧੭ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ ਪਰ ਪੋਥੀ ਵਿਚ ੧੭ ਪਦੇ ਅਤੇ ੧੭ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ। (੧੦੩੮-੧੦੪੩)

5.7. ੧੫॥੧॥੧੮॥-੧੫॥੫॥੨੨॥- ਸ੍ਰੀ ਗੁ. ਗ੍ਰੰ. ਸਾ. ਵਿਚ ੧੫ ਪਦੇ, ੧ ਤੋਂ ੫ ਸੋਲਹਿਆਂ ਦੀ ਗਿਣਤੀ ਅਤੇ ੧੮ ਤੋਂ ੨੨ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ ਪਰ ਪੋਥੀ ਵਿਚ ੧੫ ਪਦੇ ਅਤੇ ੧੮ ਤੋਂ ੨੧ ਤੇ ੬੧ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ। *ਇਥੇ ੧ ਤੋਂ ੫ ਸੋਲਹਿਆਂ ਦੀ ਗਿਣਤੀ ਬਦਲੀ ਹੈ ਜਿਸ ਬਾਰੇ ਸਪਸ਼ਟ ਨਹੀਂ ਹੋ ਰਿਹਾ।

5.8. ੧੬॥੧॥੨੩॥- ਸ੍ਰੀ ਗੁ. ਗ੍ਰੰ. ਸਾ. ਵਿਚ ੧੬ ਪਦੇ, ੧ ਸੋਲਹੇ ਦੀ ਗਿਣਤੀ ਅਤੇ ੨੩ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ ਪਰ ਪੋਥੀ ਵਿਚ ੧੬ ਪਦੇ ਅਤੇ ੨੨ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ। *ਸ੍ਰੀ ਗੁ. ਗ੍ਰੰ. ਸਾ. ਵਿਚ 'ਮਾਰੂ ਮਹਲਾ ੩' ਆਉਣ ਨਾਲ ਸੋਲਹਿਆਂ ਦੀ ਗਿਣਤੀ ੧ ਤੋਂ ਸ਼ੁਰੂ ਹੋ ਗਈ ਹੈ।

5.9. ੧੬॥੧॥-੧੬॥੫॥੧੪॥- ਸ੍ਰੀ ਗੁ. ਗ੍ਰੰ. ਸਾ. ਵਿਚ ੧੬ ਪਦੇ, ੧ ਤੋਂ ੫ ਸੋਲਹਿਆਂ ਦੀ ਗਿਣਤੀ ਅਤੇ ੧੪ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ ਪਰ ਪੋਥੀ ਵਿਚ ੧੬ ਪਦੇ ਅਤੇ ੨੩ ਤੋਂ ੩੬ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ।

5.10. ੧੬॥੧॥੧੫॥-੧੬॥੮॥੨੨॥- ਸ੍ਰੀ ਗੁ. ਗ੍ਰੰ. ਸਾ. ਵਿਚ ੧੬ ਪਦੇ, ੧ ਤੋਂ ੮ ਸੋਲਹਿਆਂ ਦੀ ਗਿਣਤੀ ਅਤੇ ੧੫ ਤੋਂ ੨੨ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ ਪਰ ਪੋਥੀ ਵਿਚ ੧੬ ਪਦੇ ਅਤੇ ੩੭ ਤੋਂ ੪੪ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ।

5.11. ੧੬॥੧॥੨੩॥-੧੬॥੨॥੨੪॥- ਸ੍ਰੀ ਗੁ. ਗ੍ਰੰ. ਸਾ. ਵਿਚ ੬੭ ਪਦੇ, ੧ ਤੋਂ ੨ ਸੋਲਹਿਆਂ ਦੀ ਗਿਣਤੀ ਅਤੇ ੨੩-੨੪ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ ਪਰ ਪੋਥੀ ਵਿਚ ੧੬ ਪਦੇ ਅਤੇ ੪੫ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ।

5.12. ੧੬॥੧॥-੧੬॥੨॥- ਸ੍ਰੀ ਗੁ. ਗ੍ਰੰ. ਸਾ. ਵਿਚ ੧੬ ਪਦੇ, ੧ ਤੋਂ ੨ ਸੋਲਹਿਆਂ ਦੀ ਗਿਣਤੀ ਅਤੇ ਨਿਰੰਤਰ ਸੋਲਹਿਆਂ ਦੀ ਗਿਣਤੀ ' ਮਾਰੂ ਮਹਲਾ ੪' ਆਉਣ ਕਰਕੇ ਨਹੀਂ ਆਈ ਹੈ ਪਰ ਪੋਥੀ ਵਿਚ ੧੬ ਪਦੇ ਅਤੇ ੪੬ ਤੋਂ ੪੬ ਤੋਂ ੪੭ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ। *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਮਾਰੂ ਸੋਲਹੇ ਮਹਲਾ ੪' ਆਉਣ ਨਾਲ ਸੋਲਹਿਆਂ ਦੀ ਗਿਣਤੀ ੧ ਤੋਂ ਸ਼ੁਰੂ ਹੋ ਗਈ ਹੈ।

5.13. ੧੬॥੧॥- ਸ੍ਰੀ ਗੁ. ਗ੍ਰੰ. ਸਾ. ਵਿਚ ੧੬ ਪਦੇ, ੧ ਸੋਲਹੇ ਦੀ ਗਿਣਤੀ ਅਤੇ 'ਮਾਰੂ ਮਹਲਾ ੫' ਆਉਣ ਕਰਕੇ ਨਿਰੰਤਰ ਸੋਲਹਿਆਂ ਦੀ ਗਿਣਤੀ ੧ ਆਈ ਹੈ ਪਰ ਪੋਥੀ ਵਿਚ ੧੬ ਪਦੇ ਅਤੇ ੪੮ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ। *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਮਾਰੂ ਮਹਲਾ ੫' ਆਉਣ ਨਾਲ ਸੋਲਹਿਆਂ ਦੀ ਗਿਣਤੀ ੧ ਤੋਂ ਸ਼ੁਰੂ ਹੋ ਗਈ ਹੈ।

5.14. ੧੫॥੧॥੨॥- ਸ੍ਰੀ ਗੁ. ਗ੍ਰੰ. ਸਾ. ਵਿਚ ੧੫ ਪਦੇ, ੧ ਸੋਲਹੇ ਦੀ ਗਿਣਤੀ ਅਤੇ ੨ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ ਪਰ ਪੋਥੀ ਵਿਚ ੧੫ ਪਦੇ ਅਤੇ ੪੯ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ। *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਮੰਗਲਾਚਰਨ' ਆਉਣ ਨਾਲ ਸੋਲਹਿਆਂ ਦੀ ਗਿਣਤੀ ੧ ਤੋਂ ਸ਼ੁਰੂ ਹੋ ਗਈ ਹੈ।

5.15. ੧੭॥੧॥੩॥- ਸ੍ਰੀ ਗੁ. ਗ੍ਰੰ. ਸਾ. ਵਿਚ ੧੭ ਪਦੇ, ੧ ਸੋਲਹੇ ਦੀ ਗਿਣਤੀ ਅਤੇ ੩ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ ਪਰ ਪੋਥੀ ਵਿਚ ੧੭ ਪਦੇ ਅਤੇ ੫੦ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ। *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਮੰਗਲਾਚਰਨ' ਆਉਣ ਨਾਲ ਸੋਲਹਿਆਂ ਦੀ ਗਿਣਤੀ ੧ ਤੋਂ ਸ਼ੁਰੂ ਹੋ ਗਈ ਹੈ।

5.16. ੯॥੧॥੪॥- ਸ੍ਰੀ ਗੁ. ਗ੍ਰੰ. ਸਾ. ਵਿਚ ੯ ਪਦੇ, ੧ ਸੋਲਹੇ ਦੀ ਗਿਣਤੀ ਅਤੇ ੪ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ ਪਰ ਪੋਥੀ ਵਿਚ ੯ ਪਦੇ ਅਤੇ ੫੧ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ। *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸਿਰਲੇਖ' ਬਦਲਣ ਨਾਲ ਸੋਲਹਿਆਂ ਦੀ ਗਿਣਤੀ ੧ ਤੋਂ ਸ਼ੁਰੂ ਹੋ ਗਈ ਹੈ।

5.17. ੧੬॥੧॥੫॥- ਸ੍ਰੀ ਗੁ. ਗ੍ਰੰ. ਸਾ. ਵਿਚ ੧੬ ਪਦੇ, ੧ ਸੋਲਹੇ ਦੀ ਗਿਣਤੀ ਅਤੇ ੫ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ ਪਰ ਪੋਥੀ ਵਿਚ ੧੬ ਪਦੇ ਅਤੇ ੫੨ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ। *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸਿਰਲੇਖ' ਬਦਲਣ ਨਾਲ ਸੋਲਹਿਆਂ ਦੀ ਗਿਣਤੀ ੧ ਤੋਂ ਸ਼ੁਰੂ ਹੋ ਗਈ ਹੈ।

5.18. ੧੬॥੧॥੬॥- ਸ੍ਰੀ ਗੁ. ਗ੍ਰੰ. ਸਾ. ਵਿਚ ੧੬ ਪਦੇ, ੧ ਸੋਲਹੇ ਦੀ ਗਿਣਤੀ ਅਤੇ ੬ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ ਪਰ ਪੋਥੀ ਵਿਚ ੧੬ ਪਦੇ ਅਤੇ ੫੩ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ। *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਮੰਗਲਾਚਰਨ' ਆਉਣ ਨਾਲ ਸੋਲਹਿਆਂ ਦੀ ਗਿਣਤੀ ੧ ਤੋਂ ਸ਼ੁਰੂ ਹੋ ਗਈ ਹੈ।

5.19. ੧੫॥੨॥੭॥- ਸ੍ਰੀ ਗੁ. ਗ੍ਰੰ. ਸਾ. ਵਿਚ ੧੫ ਪਦੇ, ੨ ਸੋਲਹੇ ਦੀ ਗਿਣਤੀ ਅਤੇ ੭ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ ਪਰ ਪੋਥੀ ਵਿਚ ੧੫ ਪਦੇ ਅਤੇ ੫੪ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ। *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਮੰਗਲਾਚਰਨ' ਆਉਣ ਨਾਲ ਸੋਲਹਿਆਂ ਦੀ ਗਿਣਤੀ ੧ ਤੋਂ ਸ਼ੁਰੂ ਹੋ ਗਈ ਹੈ।

5.20. ੧੬॥੧॥੮॥-੧੬॥੨॥੯॥- ਸ੍ਰੀ ਗੁ. ਗ੍ਰੰ. ਸਾ. ਵਿਚ ੧੬ ਪਦੇ, ੧ ਤੋਂ ੨ ਸੋਲਹਿਆਂ ਦੀ ਗਿਣਤੀ ਅਤੇ ੮ ਤੋਂ ੯ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ ਪਰ ਪੋਥੀ ਵਿਚ ੧੬ ਪਦੇ ਅਤੇ ੫੫ ਤੋਂ ੫੬ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ। *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਮੰਗਲਾਚਰਨ' ਆਉਣ ਨਾਲ ਸੋਲਹਿਆਂ ਦੀ ਗਿਣਤੀ ੧ ਤੋਂ ਸ਼ੁਰੂ ਹੋ ਗਈ ਹੈ।

5.21. ੧੬॥੧॥੧੦॥- ਸ੍ਰੀ ਗੁ. ਗ੍ਰੰ. ਸਾ. ਵਿਚ ੧੬ ਪਦੇ, ੧ ਸੋਲਹੇ ਦੀ ਗਿਣਤੀ ਅਤੇ ੧੦ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ ਪਰ ਪੋਥੀ ਵਿਚ ੧੬ ਪਦੇ ਅਤੇ ੫੭ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ। *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਮੰਗਲਾਚਰਨ' ਆਉਣ ਨਾਲ ਸੋਲਹਿਆਂ ਦੀ ਗਿਣਤੀ ੧ ਤੋਂ ਸ਼ੁਰੂ ਹੋ ਗਈ ਹੈ।

5.22. ੨੧॥੨॥੧੧॥- ਸ੍ਰੀ ਗੁ. ਗ੍ਰੰ. ਸਾ. ਵਿਚ ੨੧ ਪਦੇ, ੨ ਸੋਲਹੇ ਦੀ ਗਿਣਤੀ ਅਤੇ ੧੧ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ ਪਰ ਪੋਥੀ ਵਿਚ ੨੧ ਪਦੇ ਅਤੇ ੫੮ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ।

6. ੧੫॥੩॥੧੨॥- ਸ੍ਰੀ ਗੁ. ਗ੍ਰੰ. ਸਾ. ਵਿਚ ੧੫ ਪਦੇ, ੩ ਸੋਲਹੇ ਦੀ ਗਿਣਤੀ ਅਤੇ ੧੨ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ ਪਰ ਪੋਥੀ ਵਿਚ ੧੫ ਪਦੇ ਅਤੇ ੫੯ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ।

7. ੧੬॥੪॥੧੩॥- ਸ੍ਰੀ ਗੁ. ਗ੍ਰੰ. ਸਾ. ਵਿਚ ੧੬ ਪਦੇ, ੪ ਸੋਲਹੇ ਦੀ ਗਿਣਤੀ ਅਤੇ ੧੩ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ ਪਰ ਪੋਥੀ ਵਿਚ ੧੬ ਪਦੇ ਅਤੇ ੬੦ ਨਿਰੰਤਰ ਸੋਲਹਿਆਂ ਦੀ ਗਿਣਤੀ ਆਈ ਹੈ।

8. ਮਾਰੂ ਵਾਰ- ੨੨॥੧॥- ਸ੍ਰੀ ਗੁ. ਗ੍ਰੰ. ਸਾ. ਵਿਚ ਇਸ ਬਾਣੀ ਦੇ ੨੨ ਬੰਦ ਅਤੇ ੧ ਬਾਣੀ ਦਾ ਸੂਚਕ ਆਇਆ ਹੈ ਪਰ ਪੋਥੀ ਵਿਚ ੨੧॥੧॥ ਆਇਆ ਹੈ ੨੧ ਇਸ ਬਾਣੀ ਦੇ ਬੰਦ ਅਤੇ ੧ ਬਾਣੀ ਦਾ ਸੂਚਕ ਆਇਆ ਹੈ।

9. ਡਖਣੇ- ੨੩॥੧॥੨॥- ਸ੍ਰੀ ਗੁ. ਗ੍ਰੰ. ਸਾ. ਵਿਚ ਇਸ ਬਾਣੀ ਦੇ ੨੩ ਬੰਦ, ੧ ਬਾਣੀ ਦਾ ਸੂਚਕ, ੨ ਦੂਸਰੀ ਵਾਰ ਦਾ ਸੂਚਕ ਆਇਆ ਹੈ ਪਰ ਪੋਥੀ ਵਿਚ ੨੩ ਬੰਦ ਅਤੇ ੨ ਵਾਰ ਦਾ ਸੂਚਕ ਅੰਕ ਆਇਆ ਹੈ।

10. ਘੋੜੀਆ- ੪॥੨॥੬॥– ਸ੍ਰੀ ਗੁ. ਗ੍ਰੰ. ਸਾ. ਵਿਚ ਇਸ ਬਾਣੀ ਦੇ ੪ ਬੰਦ, ੨ ਘੋੜੀਆ ਦੀ ਗਿਣਤੀ ਅਤੇ ੬ ਨਿਰੰਤਰ ਛੰਤਾਂ ਦੀ ਗਿਣਤੀ ਦਾ ਸੂਚਕ ਹੈ ਪਰ ਪੋਥੀ ਵਿਚ ੪ ਬੰਦ ਅਤੇ ੨ ਘੋੜੀਆਂ ਦੀ ਗਿਣਤੀ ਦਾ ਸੂਚਕ ਆਇਆ ਹੈ।

11. ਵਾਰ ਮਾਝ ਕੀ ਤਥਾ ਸਲੋਕ ਮਹਲਾ ੧- ੨੭॥- ਸ੍ਰੀ ਗੁ. ਗ੍ਰੰ. ਸਾ. ਵਿਚ ੨੭॥ ਬੰਦਾਂ ਦੀ ਗਿਣਤੀ ਦਾ ਸੂਚਕ ਆਇਆ ਹੈ ਪਰ ਪੋਥੀ ਵਿਚ ੨੭ ਬੰਦ ਅਤੇ ੧ ਬਾਣੀ ਦਾ ਸੂਚਕ ਆਇਆ ਹੈ।

12. ਰਾਗੁ ਗੂਜਰੀ ਵਾਰ- ੨੧॥੧॥੨॥- ਸ੍ਰੀ ਗੁ. ਗ੍ਰੰ. ਸਾ. ਵਿਚ ੨੧ ਬੰਦ, ੧ ਬਾਣੀ ਦਾ ਸੂਚਕ ਅਤੇ ੨ ਦੂਸਰੀ ਵਾਰ ਦਾ ਸੂਚਕ ਆਇਆ ਹੈ ਪਰ ਪੋਥੀ ਵਿਚ ੨੧ ਬੰਦ ਅਤੇ ੧ ਬਾਣੀ ਦਾ ਸੂਚਕ ਆਇਆ ਹੈ।

ਉਪਰੋਕਤ ਸਿਰਲੇਖਾਂ ਦੇ ਅਧਾਰਿਤ ਬਾਣੀਆਂ ਦਾ ਅੰਕ ਪ੍ਰਬੰਧ ਦੇਖਣ ਦਾ ਜਤਨ ਕੀਤਾ ਹੈ। ਇਸ ਵਿਚ ਅਸੀਂ 46 ਸਿਰਲੇਖਤ ਬਾਣੀਆਂ ਦਾ ਅੰਕ-ਕ੍ਰਮ ਦੇਖਿਆ ਜਿਸ ਵਿਚੋਂ 32 ਬਾਣੀਆਂ ਦਾ ਅੰਕ-ਕ੍ਰਮ ਪੋਥੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮਾਨ ਹੈ, ਪਰ 14 ਦਾ ਅੰਕ-ਕ੍ਰਮ ਸਮਾਨ ਨਹੀਂ ਆਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕ ਵਿਵਸਥਿਤ ਹਨ, ਪਰ ਪੋਥੀ ਵਿਚ ਅੰਕ ਵਿਵਸਥਿਤ ਨਹੀਂ ਹਨ। ਪੋਥੀ ਵਿਚ ਅੰਕ-ਪ੍ਰਬੰਧ ਇਕ ਰਖਿਆ ਗਿਆ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰਲੇਖ, ਰਾਗ, ਬਾਣੀਕਾਰ ਅਤੇ ਮੰਗਲਾਚਰਨ ਆਦਿ ਦੇ ਅਧਾਰ 'ਤੇ ਅੰਕ ਪ੍ਰਬੰਧ ਸਿਰਜਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀਆਂ ਰਾਗ-ਕ੍ਰਮ ਅਨੁਸਾਰ ਹਨ, ਪਰ ਪੋਥੀ ਵਿਚ ਨਹੀਂ। ਇਸ ਤੋਂ ਹੇਠ ਲਿਖੀਆ ਗਲਾਂ ਸਪਸ਼ਟ ਹੁੰਦੀਆਂ ਹਨ ਕਿ:

1. ਪੋਥੀ ਸੰਕਲਨ ਹੈ, ਜਦਕਿ ਗੁਰਬਾਣੀ ਸੰਕਲਨ ਦੇ ਨਾਲ ਸੰਪਾਦਿਤ ਵੀ ਹੈ।
2. ਗੁਰਬਾਣੀ ਦੇ ਸੰਪਾਦਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਕਾਂ ਨੂੰ ਇਕ ਨਿਸ਼ਚਿਤ ਵਿਉਂਤ ਦਿਤੀ ਹੈ, ਜਦਕਿ ਪੋਥੀ ਦਾ ਕਰਤਾ ਅਜਿਹਾ ਧਿਆਨ ਨਹੀਂ ਰਖਦਾ।
3. ਗੁਰਬਾਣੀ ਸੰਪਾਦਨਾਂ ਦੇ ਅਧਾਰ ਸਰੋਤਾਂ ਵਿਚ ਜੇਕਰ ਇਸ ਪੋਥੀ ਦਾ ਯੋਗਦਾਨ ਹੈ (ਜਿਸ ਦਾ ਜ਼ਿਕਰ ਵਖਰੇ ਪੇਪਰ ਵਿਚ ਕੀਤਾ ਜਾਵੇਗਾ) ਤਾਂ ਉਹ ਸਿੱਧਾ ਨਹੀਂ, ਬਲਕਿ ਸੁਸੰਪਾਦਿਕ (ਗੁਰੂ ਅਰਜਨ ਦੇਵ ਜੀ) ਦੀ ਪਾਰਖੂ ਅਖ ਰਾਹੀਂ ਗੁਜਰ ਕੇ ਆਇਆ ਹੈ।

ਪਿੰਡ- ਦਾਤੇਵਾਲ, ਤਹਿ. ਧਰਮਕੋਟ, ਜਿਲਾਂ- ਮੋਗਾ। ਮੋਬਾਇਲ ਨੰ. 9872356689 email id:- kaursandeep.947@gmail.com